ਪਿਆਰੇ ਮਾਪਿਓ ਅਤੇ ਸਰਪ੍ਰਸਤੋ (ਗਾਰਡੀਅਨਜ਼)

ਬਹੁਤ ਸਾਰੇ ਵਿਦਿਆਰਥੀਆਂ ਵਾਸਤੇ ਐਲੀਮੈਂਟਰੀ ਸਕੂਲ ਤੋਂ ਹਾਈ ਸਕੂਲ ਜਾਣਾ ਮੁਸ਼ਕਲ ਅਤੇ ਗੁੰਝਲਦਾਰ ਹੋ ਸਕਦਾ ਹੈ। ਸਕੂਲ ਦੇ ਕੰਮ ਵਿੱਚ ਵਾਧੇ ਅਤੇ ਸਕੂਲ ਦੇ ਵਾਤਾਵਰਨ ਵਿੱਚ ਤਬਦੀਲੀ ਦੇ ਫਿਕਰ, ਵੱਖਰੇ ਦੋਸਤ, ਨਵੇਂ ਸਮਾਜਿਕ ਦਬਾਅ ਅਤੇ ਵਧੀ ਹੋਈ ਜ਼ੁੰਮੇਵਾਰੀ ਵਰਗੀਆਂ ਚੀਜ਼ਾਂ ਕਈ ਵਾਰੀ ਇਸ ਸਮੇਂ ਨੂੰ ਥੋੜ੍ਹਾ ਬੋਝਲ ਬਣਾ ਸਕਦੀਆਂ ਹਨ।

ਵਾਈ ਡਬਲਿਊ ਸੀ ਏ ਮੈਟਰੋ ਵੈਨਕੂਵਰ ਵਿਦਿਆਰਥੀਆਂ ਦੇ ਹਾਈ ਸਕੂਲ ਵਿਚ ਜਾਣ ਨਾਲ ਪੈਦਾ ਹੁੰਦੀਆਂ ਮੁਸ਼ਕਿਲਾਂ ਨੂੰ ਪਛਾਣਦੀ ਹੈ ਅਤੇ ਸਕੂਲ ਸਮੇਂ ਤੋਂ ਬਾਅਦ ਲਈ ਇਕ ਮੁਫਤ ਮਿਲਣ ਵਾਲਾ ਪ੍ਰੋਗਰਾਮ ਤਿਆਰ ਕੀਤਾ ਹੈ ਜਿਹਦਾ ਨਾਂ ਹੈ *ਗਾਈਡ ਟੂ ਹਾਈ ਸਕੂਲ*। ਸਕੂਲ ਸਮੇਂ ਬਾਅਦ ਦੇ ਹਫਤਾਵਾਰੀ ਸੈਸ਼ਨਾਂ ਵਿਚ ਵਿਦਿਆਰਥੀ ਕਈ ਵਿਸ਼ਿਆਂ ਬਾਰੇ ਸਿੱਖਣਗੇ ਜਿਵੇਂ ਕਿ ਸਿਹਤਮੰਦ ਜੀਵਨ, ਤਣਾਅ ਨਾਲ ਨਜਿੱਠਣਾ (ਸਟਰੈੱਸ ਮੈਨੇਜਮੈਂਟ) ਸਮੇਂ ਦੀ ਯੋਗ ਵਰਤੋਂ (ਟਾਈਮ ਮੈਨੇਜਮੈਂਟ) ਮਾਨਸਿਕਤਾ (ਮਾਈਂਡ ਸੈੱਟ), ਦੋਸਤੀਆਂ, ਸਾਥੀਆਂ ਦਾ ਦਬਾਅ (ਪੀਅਰ ਪਰੈਸ਼ਰ), ਧੌਂਸ (ਬੁਲੀਇੰਗ), ਆਪਣੀ ਪਛਾਣ, ਪਾਵਰ ਡਾਇਨਾਮਿਕਸ, ਅਤੇ ਸੋਸ਼ਿਲ ਮੀਡੀਆ।

ਇਸ ਦੇ ਨਾਲ ਨਾਲ, ਉਨ੍ਹਾਂ ਨੂੰ ਉਨ੍ਹਾਂ ਦੇ ਸਕੂਲ ਦੇ ਅਤੇ ਭਾਈਚਾਰੇ ਵਿਚਲੇ ਗਰੇਡ ਸੱਤ ਦੇ ਹੋਰ ਵਿਦਿਆਰਥੀਆਂ ਨਾਲ ਮਿਲਣ ਦੇ ਮੌਕੇ ਮਿਲਣਗੇ ਅਤੇ ਉਨ੍ਹਾਂ ਦੀ ਅਗਵਾਈ ਵੱਖਰੀਆਂ ਵੱਖਰੀਆਂ ਉਮਰਾਂ ਦੇ ਪ੍ਰੋਗਰਾਮ ਲੀਡਰਾਂ ਵਲੋਂ ਕੀਤੀ ਜਾਵੇਗੀ ਜਿਹਦੇ ਵਿੱਚ ਸ਼ਾਮਲ ਹੋਣਗੇ ਹਾਈ ਸਕੂਲ ਦੇ ਅਜੋਕੇ ਵਿਦਿਆਰਥੀ ਅਤੇ ਤਜਰਬੇਕਾਰ ਪ੍ਰੋਗਰਾਮ ਚਾਲਕ।

ਹੋਰ ਜਾਣਕਾਰੀ ਲਈ ਜਾਂ ਰਜਿਸਟਰ ਹੋਣ ਲਈ, ਸਾਡੇ ਨਾਲ youth@ywcavan.org ’ਤੇ ਸੰਪਰਕ ਕਰੋ ਜਾਂ ਇਥੇ www.ywcavan.org/grade7register ਜਾਵੋ

ਸ਼ੁੱਭ ਇਛਾਵਾਂ ਨਾਲ

ਵਾਈ ਡਬਲਿਊ ਸੀ ਏ ਯੂਥ ਐਜੂਕੇਸ਼ਨ ਟੀਮ

535 ਹੋਰਨਬੀ ਸਟਰੀਟ ਵੈਨਕੂਵਰ, ਬੀ ਸੀ, V6C 2E8

www.ywcavan.org

